# ਭਗਤ ਨਾਮਦੇਵ - ਸਬਦ ੧੯

## ਤੀਨਿ ਛੰਦੇ ਖੇਲੁ ਆਛੈ ॥

### ਰਾਗੁ ਟੋਡੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੭੧੮

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥

ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥

ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥

ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੧॥

ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥

ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥

ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥

ਸਾਰ: ਹੋਂਦ ਦਾ ਵਜੂਦ ਖੰਡਾਂ ਵਿਚ ਨਹੀਂ ਵੰਡਿਆ ਹੋਇਆ, ਬਲਕਿ ਸਾਡੀ ਨਿਗੁਣੀ ਸੋਚ ਕਾਰਣ ਸਾਨੂੰ ਅਜਿਹਾ ਮਹਿਸੂਸ ਹੁੰਦਾ ਹੈ। ਸੰਸਾਰ ਅਣਗਿਣਤ ਵਸਤੂਆਂ, ਸਥਿਤੀਆਂ ਅਤੇ ਪਛਾਣਾਂ ਦੇ ਰੂਪ ਵਿਚ ਦਿਖਾਈ ਦਿੰਦਾ ਹੈ, ਪਰ ਇਹ ਇਕ ਸਮੁੰਦਰ ‘ਤੇ ਉਠਦੀਆਂ ਲਹਿਰਾਂ ਦੀ ਤਰ੍ਹਾਂ ਹੈ, ਜਿੰਨਾਂ ਦੀ ਮਿਆਦ ਬਹੁਤ ਥੋੜ੍ਹੀ ਹੁੰਦੀ ਹੈ। ਜੋ ਵੱਖਰਾ ਜਾਪਦਾ ਹੈ ਉਹ ਰੂਪ, ਭਾਸ਼ਾ ਜਾਂ ਹਾਲਾਤ ਵਿਚਲੇ ਅੰਤਰ ਕਾਰਣ ਹੀ ਮਹਿਸੂਸ ਹੁੰਦਾ ਹੈ। ਇਕ ਪਰਾਭੌਤਿਕ ਦ੍ਰਿਸ਼ਟੀ ਤੋਂ ਵੰਨ-ਸੁਵੰਨਤਾ ਦਿੱਖ ਦੇ ਪੱਧਰ 'ਤੇ ਹੀ ਅਸਲ ਜਾਪਦੀ ਹੈ, ਪਰ ਏਕਤਾ ਤੱਤਸਾਰ ਦੇ ਪੱਧਰ ‘ਤੇ ਹੀ ਅਸਲ ਹੁੰਦੀ ਹੈ। ਇਸਨੂੰ ਇਸ ਨਜ਼ਰੀਏ ਤੋਂ ਵੇਖਣ ਨਾਲ ਵੰਡ ਤੋਂ ਸੰਪੂਰਨਤਾ ਵੱਲ, ਸਤਹੀ ਧਾਰਨਾ ਤੋਂ ਅੰਤਰੀਵੀ ਮਾਨਤਾ ਵੱਲ ਵਧਿਆ ਜਾਂਦਾ ਹੈ।

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥

ਸੁਰਤਾਲ ਦੀਆਂ ਤਿੰਨ ਪੱਧਤੀਆਂ ਰਾਹੀਂ ਜੀਵਨ ਰੂਪੀ ਨਾਟਕ ਖੇਡਿਆ ਜਾਂਦਾ ਹੈ; ਹੋਂਦ ਦੇ ਖੰਡ ਅੰਦਰ ਜਿਵੇਂ ਉਤਪਤੀ, ਵਿਕਾਸ ਅਤੇ ਨਿਗਾਸ, ਸਮੁੱਚਾ ਮਾਦਾ ਅਤੇ ਜੀਵਨ ਇਸੇ ਚੱਕਰ ਵਿਚ ਚੱਲ ਰਿਹਾ ਹੈ। (੧)(ਠਹਿਰਾਉ)

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥

ਘੁਮਿਆਰ ਦੇ ਘਰ ਵਿਚ ਮਿੱਟੀ ਦਾ ਘੜਾ ਅਤੇ ਰਾਜੇ ਦੇ ਘਰ ਵਿਚ ਊਠ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਹਾਲਾਤ ਕਿਸੇ ਦੀ ਬਾਹਰੀ ਪਛਾਣ ਸਿਰਜਦੇ ਹਨ, ਪਰ ਮੂਲ ਰੂਪ ਵਿਚ ਸਾਡੀ ਸਿਰਜਨਾ ਇਕ ਹੀ ਮਾਦੇ ਤੋਂ ਹੁੰਦੀ ਹੈ ਅਤੇ ਅਸੀਂ ਸਾਰੇ ਇਕੋ ਜਿਹੇ ਜੀਵਨ ਚੱਕਰ ਵਿਚੋਂ ਗੁਜ਼ਰਦੇ ਹਾਂ।

ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥

ਪੁਜਾਰੀ ਦੇ ਘਰ ਆਪਣੇ ਜੀਵਨ ਸਾਥੀ ਨੂੰ ਗਵਾ ਚੁੱਕਾ ਪ੍ਰਾਣੀ ਆਉਂਦਾ ਹੈ; ਉਥੇ ਇਕ ਵਿਧਵਾ ਇਕ ਊਠ ਅਤੇ ਇਕ ਮਿੱਟੀ ਦਾ ਘੜਾ ਵੀ ਹੈ। ਇਹ ਦ੍ਰਿਸ਼ ਜੀਵਨ ਦੇ ਤੱਤਸਾਰ ਦਾ ਪ੍ਰਤੀਕ ਹੈ; ਵਿਧਵਾ ਜੀਵਨ ਦੀ ਅਸਥਿਰਤਾ, ਊਠ ਜੀਵਨ ਦੀ ਛਿੰਨ-ਭੰਗਰਤਾ ਨੂੰ, ਅਤੇ ਮਿੱਟੀ ਦਾ ਘੜਾ ਜੀਵਨ ਦੀ ਨਾਜ਼ੁਕਤਾ ਨੂੰ ਦਰਸਾਉਂਦਾ ਹੈ ਅਤੇ ਪੁਜਾਰੀ ਦਾ ਘਰ ਗਿਆਨ ਦੇ ਕੇਂਦਰ ਵਾਂਗ ਹੈ, ਜਿਸ ਵਿਚ ਇਨ੍ਹਾਂ ਵਿਸ਼ਿਆਂ ਬਾਰੇ ਸਪਸ਼ਟਤਾ ਪ੍ਰਦਾਨ ਹੋ ਰਹੀ ਹੈ। (੧)

ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥

ਕਰਿਆਨੇ ਵਾਲੇ ਦੇ ਘਰ ਵਿਚ, ਹਿੰਗ ਹੁੰਦੀ ਹੈ, ਅਤੇ ਮੱਝ ਦੇ ਸਿਰ 'ਤੇ, ਸਿੰਗ ਹੁੰਦੇ ਹਨ। ਇਹ ਦ੍ਰਿਸ਼ਟਾਂਤ ਪਾਲਣ-ਪੋਸ਼ਣ ਦੇ ਗੁਣਾਂ ਦਾ ਪ੍ਰਤੀਕ ਹੈ: ਇਕ ਵਪਾਰੀ ਆਪਣੇ ਸਮਾਨ ਨਾਲ ਜੀਵਨ ਨਿਰਬਾਰ ਕਰਦਾ ਹੈ ਅਤੇ ਇਕ ਜਾਨਵਰ ਆਪਣੇ ਸਿੰਗਾਂ ਨਾਲ ਆਪਣਾ ਬਚਾਅ ਕਰਦਾ ਹੈ; ਉਨ੍ਹਾਂ ਦੇ ਤਰੀਕੇ ਵੱਖੋ-ਵੱਖਰੇ ਜਾਪਦੇ ਹਨ, ਪਰ ਜੀਵਨ ਨਿਰਬਾਹ ਕਰਨ ਵਾਲਾ ਤੱਤਸਾਰ ਇਕੋ ਜਿਹਾ ਹੈ।

ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੧॥

ਮੰਦਰ ਦੇ ਅੰਦਰ ਇਕ ਪੱਥਰ ਦੀ ਮੂਰਤੀ ਹੈ; ਇਕ ਮੂਰਤੀ, ਸਿੰਗ ਅਤੇ ਹਿੰਗ ਹੈ। ਇਹ ਤਰਤੀਬ ਜੀਵਨ ਦੇ ਭਰਮਾਂ ਨੂੰ ਪੇਸ਼ ਕਰਦੀ ਹੈ: ਇਕ ਮੂਰਤੀ ਅੰਤਰ-ਆਤਮਾ ਦੀ ਪ੍ਰਤੀਕ ਹੈ, ਸਿੰਗ ਪ੍ਰਵਿਰਤੀਆਂ ਨੂੰ, ਹਿੰਗ ਇੰਦਰੀਆਂ, ਅਤੇ ਮੰਦਰ ਸਰੀਰ ਨੂੰ ਦਰਸਾਉਂਦਾ ਹੈ, ਜੋ ਇਹਨਾਂ ਤਾਕਤਾਂ ਵਿਚ ਸਦਭਾਵਨਾ ਕਾਇਮ ਕਰਦਾ ਹੈ। (੨)

ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥
ਤੇਲੀ ਦੇ ਘਰ ਵਿਚ, ਤੇਲ ਹੁੰਦਾ ਹੈ; ਜੰਗਲ ਵਿਚ, ਵੇਲਾਂ ਹੁੰਦੀਆਂ ਹਨ। ਇਹ ਭਾਵ ਦਰਸਾਉਂਦਾ ਹੈ ਕਿ ਵਿਕਾਸ ਵੱਖ-ਵੱਖ ਵਿਧੀਆਂ ਰਾਹੀਂ ਪ੍ਰਗਟ ਹੁੰਦਾ ਹੈ, ਫਿਰ ਵੀ ਵਿਗਸਣ ਅਤੇ ਦੇਣ ਦਾ ਤੱਤਸਾਰ ਸਥਿਰ ਰਹਿੰਦਾ ਹੈ।

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥
ਮਾਲੀ ਦੇ ਘਰ ਵਿਚ, ਕੇਲਾ ਹੁੰਦਾ ਹੈ; ਕੇਲਾ ਹੈ, ਵੇਲ ਹੈ ਅਤੇ ਤੇਲ ਹੈ। ਇਹ ਸੰਦਰਭ ਜੀਵਨ ਦੇ ਸੁਰਤਾਲ ਨੂੰ ਪ੍ਰਗਟ ਕਰਦਾ ਹੈ: ਕੇਲਾ ਜਨਮਜਾਤ ਗੁਣਾਂ ਨੂੰ ਦਰਸਾਉਂਦਾ ਹੈ; ਵੇਲ ਅਨੁਭਵੀ ਬਿਬੇਕ ਦੇ ਸਮਰਥਨ ਨੂੰ; ਤੇਲ ਜੀਵਨ ਦੇ ਤੱਤਸਾਰ ਦੀ ਸੂਝ ਨੂੰ; ਅਤੇ ਮਾਲੀ ਦਾ ਘਰ ਸੰਸਾਰ ਨੂੰ ਦਰਸਾਉਂਦਾ ਹੈ, ਜਿੱਥੇ ਸਮੁਚੀ ਹੋਂਦ ਇਕ ਸੁਰਤਾਲ ਵਿਚ ਬੱਝੀ ਹੋਈ ਆਪਣਾ ਕਰਮ ਕਰ ਰਹੀ ਹੈ। (੩)

ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥
ਸੰਤਾਂ ਵਿਚ, ਇਸਨੂੰ ਗੋਬਿੰਦ ਵਜੋਂ; ਗੋਕੁਲ ਦੇ ਨਿਵਾਸੀਆਂ ਵਿਚ, ਇਸਨੂੰ ਸ਼ਿਆਮ ਵਜੋਂ ਜਾਣਿਆ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਆਲਾ-ਦੁਆਲਾ ਕਿਵੇਂ ਇਕੋ ਸਰਬਵਿਆਪੀ ਸਤਾ ਦੀਆਂ ਵੱਖ-ਵੱਖ ਧਾਰਨਾਵਾਂ ਨੂੰ ਆਕਾਰ ਦੇ ਸਕਦਾ ਹੈ, ਪਰ ਇਸ ਚੇਤਨਾ ਦਾ ਤੱਤਸਾਰ ਇਕ ਹੀ ਹੁੰਦਾ ਹੈ।

ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥
ਭਗਤ ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਦੇ ਅੰਦਰ ਇਕ ਸਰਬ ਵਿਆਪਕ ਏਕਤਾ ਹੈ ਜੋ ਰਾਮ, ਸ਼ਿਆਮ ਅਤੇ ਗੋਵਿੰਦ ਸਭ ਦਾ ਰੂਪ ਹੈ। ਇਹ ਨਾਮ ਦਰਸਾਉਂਦੇ ਹਨ ਕਿ ਸਰਬ ਵਿਆਪਕ ਨੂੰ ਵੱਖ-ਵੱਖ ਤਰੀਕਿਆਂ ਨਾਲ ਸੰਬੋਧਿਤ ਅਤੇ ਅਨੁਭਵ ਕੀਤਾ ਜਾ ਸਕਦਾ ਹੈ, ਪਰ ਜਿਵੇਂ-ਜਿਵੇਂ ਚਿੰਤਨ ਡੂੰਘਾ ਹੁੰਦਾ ਜਾਂਦਾ ਹੈ, ਵੰਨ-ਸੁਵੰਨਤਾਵਾਂ ਹਾਜ਼ਰਤਾ ਦਾ ਇਕ ਰੂਪ ਹੋ ਜਾਂਦੀਆਂ ਹਨ। (੪)(੩)

ਤੱਤ: ਭਗਤ ਨਾਮਦੇਵ ਸਾਨੂੰ ਇਕ ਅਜਿਹੀ ਅੰਤਰ-ਆਤਮਾ ਦਾ ਰੂਪ ਹੋ ਜਾਣ ਲਈ ਪ੍ਰੇਰਿਤ ਕਰਦੇ ਹਨ ਜਿੱਥੇ ਨਾਮ, ਚਿੰਨ੍ਹ ਅਤੇ ਪ੍ਰਗਟਾਵੇ ਇਕ ਸਰਬ-ਵਿਆਪੀ ਸਤਾ ਵਿਚ ਲੀਨ ਹੋ ਜਾਂਦੇ ਹਨ। ਉਹ ਰੋਜ਼ਮਰਾ ਦੇ ਜੀਵਨ ਵਿਚ ਇਕ ਸਾਂਝਾ ਸੰਬੰਧ ਪੇਸ਼ ਕਰਦੇ ਹੋਏ ਸਮਝਾਉਂਦੇ ਹਨ ਕਿ ਘੜਾ ਅਤੇ ਘੁਮਿਆਰ, ਤੇਲ ਅਤੇ ਤੇਲੀ, ਇਹ ਪ੍ਰਗਟ ਕਰਦੇ ਹਨ ਕਿ ਸਾਨੂੰ ਆਪਣੇ ਜੀਵਨ ਵਿਚ ਜੋ ਕੁਝ ਵੀ ਦਿਖਾਈ ਦਿੰਦਾ ਹੈ ਉਹ ਸਾਡੇ ਅੰਤਰੀਵੀ ਸੰਸਾਰ ਦਾ ਰੂਪ ਹੁੰਦਾ ਹੈ। ਇਹ ਹਾਜ਼ਰਤਾ ਸੱਚੇ ਕਿਰਦਾਰ ਰਾਹੀਂ ਸਭ ਤੋਂ ਵੱਧ ਸਪਸ਼ਟ ਰੂਪ ਵਿਚ

ਵਿਖਾਈ ਦਿੰਦੀ ਹੈ। ਭਾਵੇ, ਰਾਮ, ਸ਼ਿਆਮ ਅਤੇ ਗੋਬਿੰਦ, ਨਾਮ ਵੱਖੋ-ਵੱਖਰੇ ਹੁੰਦੇ ਹਨ, ਪਰ ਪਹਿਚਾਣ ਇਕ ਡੂੰਘੀ ਸਾਂਝ ਵਜੋਂ ਪੈਦਾ ਹੁੰਦੀ ਹੈ, ਜਿਵੇਂ ਮੱਛੀ ਲਈ ਪਾਣੀ ਅਤੇ ਫੁੱਲ ਲਈ ਖੁਸ਼ਬੂ। ਇਹ ਏਕਤਾ ਸਾਨੂੰ ਉਸ ਤੱਤਸਾਰ ਨੂੰ ਖੋਜਣ ਦੀ ਆਗਿਆ ਦਿੰਦੀ ਹੈ ਜੋ ਸਾਨੂੰ ਸਾਰਿਆਂ ਨੂੰ ਆਪਸ ਵਿਚ ਜੋੜਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**